April 27, 2021
Level 3

1. Read the given story 3 times.

ਕਿਤਾਬ ਦੀ ਕਹਾਣੀ

ਕੋਈ ਪੰਜ ਸੌ ਸਾਲ ਹੋਏ, ਹਾਲੈਂਡ ਵਿੱਚ ਇਕ ਆਦਮੀ ਰਹਿੰਦਾ ਸੀ, ਜਿਸ ਦਾ ਨਾਂ ਕਾਸਟਰ ਸੀ। ਇਕ ਦਿਨ ਉਹ ਜੰਗਲ ਵਿੱਚ ਸੈਰ ਕਰਨ ਗਿਆ। ਉਥੇ ਇਕ ਡਿੱਗੇ ਹੋਏ ਦਰਖ਼ਤ ਤੇ ਅਰਾਮ ਕਰਨ ਲਈ ਬੈਠ ਗਿਆ।

ਦਰਖ਼ਤ ਦੀ ਛਿੱਲ ਲਾਹ ਕੇ ਉਸ ਨੇ ਚਾਕੂ ਨਾਲ ABC ਦੇ ਕੁਝ ਅੱਖਰ ਬਣਾਏ। ਉਸ ਨੇ ਸੋਚਿਆ, ਘਰ ਜਾ ਕੇ ਇਹ ਅੱਖਰ ਆਪਣੇ ਪੋਤਰਿਆਂ ਨੂੰ ਦਿਆਂਗਾ ਤਾਂ ਉਹ ਬਹੁਤ ਖੁਸ਼ ਹੋਣਗੇ।

ਕਾਸਟਰ ਨੇ ਇਹ ਅੱਖਰ ਇਕ ਕਾਗ਼ਜ਼ ਦੇ ਟੁਕੜੇ ਵਿੱਚ ਲਪੇਟ ਕੇ ਬੋਝੇ ਵਿੱਚ ਪਾ ਲਏ। ਘਰ ਆ ਕੇ ਉਸ ਨੇ ਪੋਟਲੀ ਖੋਲ੍ਹੀ ਤਾਂ ਉਸ ਨੇ ਵੇਖਿਆ ਕਿ ਕਾਗ਼ਜ਼ ਉੱਤੇ ABC ਦੇ ਅੱਖਰ ਛਪ ਗਏ ਹਨ। ਦਰਖ਼ਤ ਦੀ ਛਿੱਲ ਗਿੱਲੀ ਹੋਣ ਕਰਕੇ ਕਾਗ਼ਜ਼ ਤੇ ਨਿਸ਼ਾਨ ਪੈ ਗਏ ਸਨ।

ਕਾਸਟਰ ਸੋਚਣ ਲੱਗਾ, ਇਸ ਤਰ੍ਹਾਂ ਹਰਫ਼ਾਂ ਤੇ ਸਿਆਹੀ ਲਾ ਕੇ ਛਾਪ ਲਈਏ ਤਾਂ ਹੱਥ ਨਾਲ ਲਿਖਣ ਦੀ ਮਿਹਨਤ ਤੇ ਕਸ਼ਟ ਨਾ ਕਰਨਾ ਪਏ। ਉਨ੍ਹਾਂ ਦਿਨਾਂ ਵਿੱਚ ਕਿਤਾਬਾਂ ਛਾਪਣ ਦਾ ਲੋਕਾਂ ਨੂੰ ਪਤਾ ਨਹੀਂ ਸੀ। ਕਿਤਾਬ ਹੱਥ ਨਾਲ ਲਿਖਣੀ ਪੈਂਦੀ ਸੀ ਤੇ ਇਕ ਇਕ ਕਿਤਾਬ ਲਿਖਣ ਤੇ ਬੜਾ ਚਿਰ ਲਗਦਾ ਸੀ। ਇਸੇ ਕਰ ਕੇ ਕਿਤਾਬਾਂ ਬੜੀਆਂ ਮਹਿੰਗੀਆਂ ਹੁੰਦੀਆਂ ਸਨ ਤੇ ਕੇਵਲ ਅਮੀਰ ਲੋਕ ਹੀ ਕਿਤਾਬਾਂ ਖ਼ਰੀਦ ਸਕਦੇ ਸਨ।

ਕਾਸਟਰ ਨੇ ਬਹੁਤ ਸਾਰੇ ਅੱਖਰ ਤਿਆਰ ਕੀਤੇ। ਪਹਿਲਾਂ ਲਕੜੀ ਦੇ ਤੇ ਫੇਰ ਧਾਤ ਦੇ। ਇਨ੍ਹਾਂ ਅੱਖਰਾਂ ਤੇ ਸਿਆਹੀ ਲਾ ਕੇ ਉਸ ਨੇ ਕਾਗਜ਼ ਤੇ ਠੱਪਾ ਲਾਇਆ ਤਾਂ ਅੱਖਰ ਕਾਗਜ਼ ਤੇ ਸਾਫ਼ ਸਾਫ਼ ਛਪ ਗਏ। ਇਕ ਜਰਮਨ ਨੌਜਵਾਨ ਜੌਨ ਗਟਨਬਰਗ ਨੇ ਕਾਸਟਰ ਦੀ ਛਪਾਈ ਦਾ ਤਰੀਕਾ ਵੇਖਿਆ ਤਾਂ ਉਹ ਇਸ ਤਰੀਕੇ ਨੂੰ ਹੋਰ ਚੰਗਾ ਬਨਾਉਣ ਲਈ ਸੋਚਣ ਲੱਗਾ। ਉਹ ਕਈ ਸਾਲ ਲੱਗਾ ਰਿਹਾ। ਅਖ਼ੀਰ ਉਸ ਨੇ ਇਕ ਭੱਦਾ ਜਿਹਾ ਪ੍ਰੈਸ ਬਣਾ ਲਿਆ। ਇਕ ਡੱਬੇ ਵਿੱਚ ਹਰਫ਼ ਜੋੜ ਕੇ ਉੱਤੇ ਬੁਰਸ਼ ਨਾਲ ਸਿਆਹੀ ਮੱਲ ਦੇਂਦਾ, ਫੇਰ ਉੱਤੇ ਕਾਗਜ਼ ਰਖ ਕੇ ਇਕ ਰੋਲਰ ਫੇਰਦਾ ਤਾਂ ਕਾਗਜ਼ ਤੇ ਲਿਖਾਈ ਛਪ ਜਾਂਦੀ। ਇਸ ਸਾਦਾ ਮਸ਼ੀਨ ਨਾਲ ਦਿਹਾੜੀ ਵਿੱਚ ਸੌ ਸੌ ਕਾਗਜ਼ ਛਪ ਸਕਦੇ ਸਨ।

ਇੰਗਲਿਸਤਾਨ ਵਿੱਚ ਇਕ ਅੰਗਰੇਜ਼ ਕੈਕਸਟਨ ਹੱਥ ਨਾਲ ਕਿਤਾਬਾਂ ਦੀ ਨਕਲ ਕਰਿਆ ਕਰਦਾ ਸੀ। ਲਿਖਦੇ ਲਿਖਦੇ ਉਸ ਦੇ ਹੱਥ ਥੱਕ ਜਾਂਦੇ ਤੇ ਕਾਗਜ਼ ਤੇ ਨਜ਼ਰ ਲਾ ਕੇ ਅੱਖਾਂ ਧੁੰਧਲੀਆਂ ਹੋ ਜਾਂਦੀਆਂ। ਕੈਕਸਟਨ ਨੇ ਗਟਨਬਰਗ ਦੇ ਪ੍ਰੈਸ ਬਾਰੇ ਸੁਣਿਆ। ਉਸ ਨੇ ਵੀ ਇਸ ਤਰ੍ਹਾਂ ਦਾ ਪ੍ਰੈਸ ਤਿਆਰ ਕਰ ਲਿਆ ਤੇ ਉਸ ਨੂੰ ਲੰਦਨ ਲੈ ਗਿਆ।

ਕੈਕਸਟਨ ਨੇ ਲੰਦਨ ਵਿੱਚ ਇਕ ਦੁਕਾਨ ਲੈ ਕੇ ਉਥੇ ਆਪਣਾ ਪ੍ਰੈਸ ਲਾ ਦਿੱਤਾ ਤੇ ਕਿਤਾਬਾਂ ਛਾਪਣ ਲੱਗਾ। ਉਸ ਨੇ ਕਈ ਤਰ੍ਹਾਂ ਦੀਆਂ ਕਿਤਾਬਾਂ ਛਾਪੀਆਂ। ਲੋਕ ਉਸ ਦੀ ਦੁਕਾਨ ਤੇ ਇਹ ਮਸ਼ੀਨ ਵੇਖਣ ਆਉਂਦੇ ਜਿਹੜੀ ਕਿ ਇਕ ਦਿਨ ਵਿੱਚ ਪੂਰੀ ਕਿਤਾਬ ਛਾਪ ਲੈਂਦੀ ਸੀ।

ਪ੍ਰੈਸ ਵਿੱਚ ਛਾਪਣ ਨਾਲ ਕਿਤਾਬਾਂ ਬਹੁਤ ਸਸਤੀਆਂ ਹੋ ਗਈਆਂ ਤੇ ਅਮੀਰ ਲੋਕਾਂ ਦੇ ਇਲਾਵਾ ਹੋਰ ਲੋਕ ਵੀ ਕਿਤਾਬਾਂ ਲੈਣ ਲੱਗ ਪਏ। ਲੋਕ ਪੜ੍ਹਨਾ ਲਿਖਣਾ ਸਿਖਣ ਲੱਗ ਪਏ ਤਾਂ ਜੋ ਕਿਤਾਬਾਂ ਪੜ੍ਹ ਸਕਣ।

ਕੈਕਸਟਨ ਦੇ ਪ੍ਰੈਸ ਨੂੰ ਅੱਛਾ ਬਨਾਉਣ ਲਈ ਬਹੁਤ ਲੋਕ ਕੰਮ ਕਰਦੇ ਰਹੇ। ਅੱਜ ਕਲ੍ਹ ਬੜੇ ਕਿਸਮ ਦੇ ਵਧੀਆਂ ਪ੍ਰੈਸ ਬਣ ਚੁੱਕੇ ਹਨ। ਆਮ ਪ੍ਰੈਸ ਤਾਂ ਘੰਟੇ ਵਿੱਚ ਤਿੰਨ ਚਾਰ ਹਜ਼ਾਰ ਕਾਗਜ਼ ਛਾਪ ਸਕਦੇ ਹਨ। ਅਖ਼ਬਾਰ ਦਾ ਪ੍ਰੈਸ ਇੰਨਾ ਤੇਜ਼ ਚਲਦਾ ਹੈ ਕਿ ਇਕ ਘੰਟੇ ਵਿੱਚ ਚਾਲੀ ਪੰਜਾਹ ਹਜ਼ਾਰ ਅਖ਼ਬਾਰਾਂ ਛਪ ਕੇ ਤੇ ਆਪਣੇ ਆਪ ਤਹਿ ਲੱਗ ਕੇ ਬਾਹਰ ਆ ਜਾਂਦੀਆਂ ਹਨ।